# ਟੱਪੇ



ਤੂੰ ਕਿਹੜਿਆਂ ਰੰਗਾਂ ਵਿੱਚ ਖੋਲੇ ,
ਮੈਂ ਕੀ ਜਾਣਾ ਤੇਰੀ ਸਾਰ ਨੂੰ ।

ਤੇਰੇ ਦਿਲ ਦੀ ਮੈਲ ਨਾ ਜਾਵੇ ,
ਨਾਉਂਦਾ ਫਿਰੇਂ ਤੀਰਥਾਂ ' ਤੇ ।

ਕਿੱਥੇ ਭਾਲਦੈਂ ਬਜੌਰ ਦੀਆਂ ਦਾਖਾਂ ,
ਕਿੱਕਰਾਂ ਦੇ ਬੀਜ , ਬੀਜ ਕੇ ।

ਜਿਹੜੇ ਕਹਿੰਦੇ ਸੀ ਮਰਾਂਗੇ ਨਾਲ ਤੇਰੇ ,
ਛੱਡ ਕੇ ਮੈਦਾਨ ਭੱਜ ਗਏ ।

ਜਿਹੜੇ ਕਹਿੰਦੇ ਸੀ ਰਹਾਂਗੇ ਦੁੱਧ ਬਣ ਕੇ ,
ਪਾਣੀਨਾਲੋਂ ਪੈਗੇ ਪਤਲੇ ।

ਉੱਥੇ ਅਮਲਾਂ ਦੇ ਹੋਣਗੇ ਨਿਬੇੜੇ ,
ਜਾਤ ਕਿਸੇ ਪੁੱਛਣੀ ਨਹੀਂ ।

ਗੋਰੇ ਰੰਗ ਨੂੰ ਕੋਈ ਨਾ ਪੁੱਛਦਾ ,
ਮੁੱਲ ਪੈਂਦੇ ਅਕਲਾਂ ਦੇ ।

ਤੇਰੇ ਬੋਤੇ ਨੂੰ ਗੁਆਰੇ ਦੀਆਂ ਫਲੀਆਂ ,
ਤੈਨੂੰ ਵੀਰਾ ਦੁੱਧ ਦਾ ਛੰਨਾ ।

ਉੱਚਾ ਹੋ ਗਿਆ ਅੰਬਰ ਦਾ ਰਾਜਾ ,
ਰੋਹੀਆਂ ' ਚ ਹਾਅੜ ਬੋਲਿਆ ।

ਗਿੱਧਿਆਂ ਚ ਨੱਚਦੀ ਦਾ ,
ਤੇਰਾ ਦੇਵੇ ਰੂਪ ਦੁਹਾਈਆਂ ।

ਭਾਵੇਂ ਦੇਈਂ ਨਾ ਦਾਜ ਵਿੱਚ ਗਹਿਣੇ ,
ਵਿਦਿਆ ਪੜ੍ਹਾ ਦੇ ਬਾਬਲਾ ।

ਦੁੱਧ ਰਿੜਕੇ ਝਾਂਜਰਾਂ ਵਾਲੀ ,
ਕੈਂਠੇ ਵਾਲਾ ਧਾਰ ਕੱਢਦਾ ।

ਚਰਖੇ ਦੀ ਘੂਕ ਸੁਣ ਕੇ ,
ਜੋਗੀ ਉੱਤਰ ਪਹਾੜੋਂ ਆਇਆ ।

ਭੈਣਾਂ ਵਰਗਾ ਸਾਕ ਨਾ ਕੋਈ ।
ਟੁੱਟ ਕੇ ਨਾ ਬਹਿਜੀਂ ਵੀਰਨਾ ।

ਕਾਲੀ ਡਾਂਗ ਮੇਰੇ ਵੀਰ ਦੀ ,

ਜਿੱਥੇ ਵੱਜਦੀ ਬੱਦਲ ਵਾਂਗੂੰ ਗੱਜਦੀ ।

ਮੇਰਾ ਵੀਰ ਧਣੀਏ ਦਾ ਬੂਟਾ ,
ਆਉਂਦੇ - ਜਾਂਦੇ ਲੈਣ ਵਾਸ਼ਨਾ ।

ਮਾਂਵਾਂ ਨੂੰ ਪੁੱਤ ਐਂ ਮਿਲਦੇ ,
ਜਿਉਂ ਸੁੱਕੀਆਂ ਵੇਲਾਂ ਨੂੰ ਪਾਣੀ ।

ਵੀਰ ਦਾ ਭਤੀਜਾ ਮੇਰਾ ,
ਭੂਆ ਕਹਿ ਕੇ ਮੱਥਾ ਟੇਕਦਾ ।

ਧਨ ਜੋਬਨ ਫੁੱਲਾਂ ਦੀਆਂ ਵਾੜੀਆਂ ,
ਸਦਾ ਨਹੀਂ ਅਬਾਦ ਰਹਿਣੀਆਂ ।

ਤਿੰਨ ਰੰਗ ਨਹੀਂਓ ਲੱਭਣੇ ,
ਹੁਸਨ , ਜੁਆਨੀ , ਮਾਪੇ ।

ਨਹੀਂਓ ਲੱਭਣੇ ਲਾਲ ਗੁਆਚੇ ,
ਮਿੱਟੀ ਨਾ ਫਰੋਲ ਜੋਗੀਆ ।

ਕਿਤੇ ਲਿੱਪਣੇ ਨਾ ਪੈਣ ਬਨੇਰੇ ,
ਪੱਕਾ - ਘਰ ਟੋਲੀਂ ਬਾਬਲਾ ।

ਕਿਹੜੇ ਹੌਸਲੇ ਲੰਮਾ ਤੰਦ ਪਾਵਾਂ ,
ਪੁੱਤ ਤੋਰਾ ਵੈਲੀ ਸੱਸੀਏ ।

ਕੱਟ ਦੇ ਫ਼ਰੰਗੀਆਂ ਨਾਮਾ ,

ਇੱਕ ਪੁੱਤ ਮੇਰੀ ਸੱਸ ਦਾ ।

ਹਾੜ੍ਹੀ ਵਢੂੰਗੀ ਬਰੋਬਰ ਤੇਰੇ ,

ਦਾਤੀ ਨੂੰ ਲਵਾਦੇ ਘੁੰਗਰੂ ।

ਚਿੱਟੇ ਚੌਲ ਜਿਨ੍ਹਾਂ ਨੇ ਪੁੰਨ ਕੀਤੇ ,

ਰੱਬ ਨੇ ਬਣਾਈਆਂ ਜੋੜੀਆਂ ।

ਜੱਗ ਜਿਉਂਣ ਵੱਡੀਆਂ ਭਰਜਾਈਆਂ ,

ਪਾਣੀ ਮੰਗੇ ਦੁੱਧ ਦਿੰਦੀਆਂ ।

ਮੁੰਡੇ ਮਰਗੇ ਕਮਾਈਆਂ ਕਰਦੇ ,

ਲੱਛੀ ਤੇਰੇ ਬੰਦ ਨਾ ਬਣੇ ।

ਪਾਣੀ ਡੋਲ੍ਹਗੀ ਝਾਂਜਰਾਂ ਵਾਲੀ ,

ਕੈਂਠੇ ਵਾਲਾ ਤਿਲਕ ਗਿਆ ।

ਮੇਰੇ ਵੀਰ ਨੂੰ ਸੁੱਕੀ ਖੰਡ ਪਾਈ ,

ਸੱਸੇ ਤੇਰੀ ਮੱਝ ਮਰ ਜੇ ।

# ਅਭਿਆਸ ਦੇ ਪ੍ਰਸ਼ਨ ਉੱਤਰ

1. ਇਸ ਪਾਠ - ਪੁਸਤਕ ਵਿੱਚੋਂ ਲੋਕ - ਸਿਆਣਪ ਤੇ ਲੋਕ - ਨੀਤੀ ਨੂੰ ਪ੍ਰਗਟਾਉਂਦੇ ਤਿੰਨ ਟੱਪੇ ਲਿਖੋ।

   ਉੱਤਰ :-

ਕਿੱਥੋਂ ਭਾਲਦੈਂ ਬਜੌਰ ਦੀਆਂ ਦਾਖਾਂ ।

ਕਿੱਕਰਾਂ ਦੇ ਬੀਜ , ਬੀਜ ਕੇ ।

ਉੱਥੇ ਅਮਲਾਂ ਤੇ ਹੋਣਗੇ ਨਬੇੜੇ ,

ਜਾਤ ਕਿਸੇ ਪੁੱਛਣੀ ਨਹੀਂ ।

ਤਿੰਨ ਰੰਗ ਨਹੀਓ ਲੱਭਣੇ ,

ਹੁਸਨ , ਜੁਆਨੀ , ਮਾਪੇ ।

2. ਇਸ ਪਾਠ - ਪੁਸਤਕ ਵਿੱਚ ਦਿੱਤੇ ਕਿਨ੍ਹਾਂ ਟੱਪਿਆਂ ਵਿੱਚ ਮਨੁੱਖੀ ਜੀਵਨ ਦੇ ਰੂਪ ਤੇ ਰੰਗ ਬਾਰੇ ਕੀ ਭਾਵ ਪ੍ਰਗਟ ਹੋਏ ਹਨ ? ਉਦਾਹਰਨਾਂ ਸਹਿਤ ਦੱਸ ।

ਉੱਤਰ ਮੁਟਿਆਰ ਦਾ ਰੂਪ ਹਰ ਇਕ ਨੂੰ ਆਪਣੇ ਵੱਲ ਖਿੱਚਦਾ ਹੈ । ਉਂਞ ਯਥਾਰਥਕ ਜੀਵਨ ਵਿਚ ਗੋਰੇ ਰੰਗ ਨੂੰ ਕੋਈ ਨਹੀਂ ਪੁੱਛਦਾ , ਸਗੋਂ ਅਕਲਾਂ ਦਾ ਮੁੱਲ ਪੈਂਦਾ ਹੈ ।

3. ਪਾਠ - ਪੁਸਤਕ ਅਧਾਰਿਤ ਪੰਜਾਬੀ ਦੇ ਕਿਨ੍ਹਾਂ ਟੱਪਿਆਂ ਵਿੱਚ ਮਨੁੱਖੀ ਰਿਸ਼ਤੇ ਵਿਸ਼ਾ ਬਣੇ ਹਨ ? ਇਹ ਵੀ ਦੱਸ ਕਿਹੜੇ ਰਿਸ਼ਤੇ ਇਹਨਾਂ ਟੱਪਿਆਂ ਵਿੱਚ ਆਏ ਹਨ ?

   ਉੱਤਰ :-

ਤੇਰੇ ਬੋਤੇ ਨੂੰ ਗੁਆਰੇ ਦੀਆਂ ਫਲੀਆਂ ,

ਤੈਨੂੰ ਵੀਰਾ ਦੁੱਧ ਦਾ ਛੰਨਾ ।

ਭੈਣਾਂ ਵਰਗਾ ਸਾਕ ਨਾ ਕੋਈ ।

ਟੁੱਟ ਕੇ ਨਾ ਬਹਿਜੀਂ ਵੀਰਨਾ ।

ਮਾਂਵਾਂ ਨੂੰ ਪੁੱਤ ਐਂ ਮਿਲਦੇ ,

ਜਿਉਂ ਸੁੱਕੀਆਂ ਵੇਲਾਂ ਨੂੰ ਪਾਣੀ ।

ਵੀਰ ਦਾ ਭਤੀਜਾ ਮੇਰਾ ,

ਭੂਆ ਕਹਿ ਕੇ ਮੱਥਾ ਟੇਕਦਾ ।

ਜੱਗ ਜਿਉਂਣ ਵੱਡੀਆਂ ਭਰਜਾਈਆਂ ,

ਪਾਣੀ ਮੰਗੇ ਦੁੱਧ ਦਿੰਦੀਆਂ ।

4. ਪਾਠ - ਪੁਸਤਕ ਅਧਾਰਤ ਕਿਨ੍ਹਾਂ ਟੱਪਿਆਂ ਵਿੱਚ ਪਤਨੀ ਦੀਆਂ ਕਿਹੜੀਆਂ ਇੱਛਾਵਾਂ ਪ੍ਰਗਟ ਹੋਈਆਂ ਹਨ ?

ਉੱਤਰ - ਪਤਨੀ ਚਾਹੁੰਦੀ ਹੈ ਕਿ ਉਸ ਦੇ ਪਤੀ ਦਾ ਫ਼ੌਜ ਵਿਚੋਂ ਨਾਂ ਕੱਟਿਆ ਜਾਵੇ ਤੇ ਉਹ ਘਰ ਆ ਕੇ ਉਸ ਦੇ ਕੋਲ ਰਹੇ । ਉਹ ਚਾਹੁੰਦੀ ਹੈ ਕਿ ਉਹ ਆਪਣੇ ਪਤੀ ਦੇ ਨਾਲ ਖੇਤਾਂ ਵਿਚ ਹਾੜ੍ਹੀ ਆਦਿ ਵੱਢਣ ਦਾ ਕੰਮ ਕਰਾਏ । ਪਤਨੀ , ਇਹ ਵੀ ਨਹੀਂ ਚਾਹੁੰਦੀ ਕਿ ਉਸ ਦਾ ਪਤੀ ਵੈਲੀ ਹੋਵੇ ।

5. ਪਾਠ - ਪੁਸਤਕ ਵਿੱਚ ਦਿੱਤੇ ਕਿਹੜੇ ਟੱਪਿਆਂ ਵਿੱਚ ਜੀਵਨ ਦਾ ਆਰਥਿਕ ਪੱਖ ਝਲਕਿਆ ਹੈ ?

ਮੁੰਡੇ ਮਰਗੇ ਕਮਾਈਆਂ ਕਰਦੇ ,

ਲੱਛੀ ਤੇਰੇ ਬੰਦ ਨਾ ਬਣੇ ।

6. 'ਜੱਗ ਜਿਊਣ ਵੱਡੀਆਂ ਭਰਜਾਈਆਂ ਪਾਣੀ ਮੰਗ , ਦੁੱਧ ਦਿੰਦੀਆਂ । ਇਸ ਟੱਪੇ ਵਿੱਚ ਕਿਹੜੇ ਭਾਵ ਪ੍ਰਗਟ ਹੋਏ ਹਨ ?

ਉੱਤਰ - ਇਸ ਟੱਪੇ ਵਿਚ ਭਰਜਾਈਆਂ ਦੇ ਦਿਓਰ ਨਾਲ ਪਿਆਰ ਦੇ ਭਾਵ ਪ੍ਰਗਟ ਹੋਏ ਹਨ ।

7. ਨਹੀਉਂ ਲੱਭਣੇ ਲਾਲ ਗੁਆਚੇ , ਮਿੱਟੀ ਨਾ ਫਰੋਲ ਜੋਗੀਆ । ਇਸ ਟੱਪੇ ਵਿਚ ਆਏ ਭਾਵ ਨੂੰ ਆਪਣੇ ਸ਼ਬਦਾਂ ਵਿਚ ਲਿਖੋ ।

ਉੱਤਰ – ਇਸ ਟੱਪੇ ਵਿੱਚ ਕਿਹਾ ਗਿਆ ਹੈ ਕਿ ਮਰ ਗਏ ਮਨੁੱਖ ਇਸ ਧਰਤੀ ਉੱਤੇ ਮੁੜ ਕੇ ਕਿਤੇ ਨਹੀਂ ਲੱਭਦੇ।

8. ਇਸ ਪਾਠ - ਪੁਸਤਕ ਵਿੱਚੋਂ ਆਪਣੀ ਮਨਪਸੰਦ ਦੇ ਤਿੰਨ ਟੱਪੇ ਚੁਣ ਕੇ ਲਿਖੋ ਅਤੇ ਉਹਨਾਂ ਵਿੱਚ ਪ੍ਰਗਟ ਹੋਏ ਭਾਵਾਂ ਬਾਰੇ ਵੀ ਲਿਖੋ ।

ਉੱਤਰ :-

ਮਾਂਵਾਂ ਨੂੰ ਪੁੱਤ ਐਂ ਮਿਲਦੇ ,
ਜਿਉਂ ਸੁੱਕੀਆਂ ਵੇਲਾਂ ਨੂੰ ਪਾਣੀ ।

ਵੀਰ ਦਾ ਭਤੀਜਾ ਮੇਰਾ ,
ਭੂਆ ਕਹਿ ਕੇ ਮੱਥਾ ਟੇਕਦਾ ।

ਜੱਗ ਜਿਉਂਣ ਵੱਡੀਆਂ ਭਰਜਾਈਆਂ ,
ਪਾਣੀ ਮੰਗੇ ਦੁੱਧ ਦਿੰਦੀਆਂ ।


ਤਿਆਰ ਕਰਤਾ

ਸੰਦੀਪ ਸਿੰਘ ਜੱਸਲ ਪੰਜਾਬੀ ਮਾਸਟਰ

ਸਰਕਾਰੀ ਹਾਈ ਸਕੂਲ ਭਿੰਡੀ ਔਲਖ (ਅੰਮ੍ਰਿਤਸਰ)

ਮੋਬਾਈਲ 8437626373


